# Punjab Government Gazette

*Published by Authority*

No. 6] CHANDIGARH, FRIDAY, FEBRUARY 6, 2026 (MAGHA 17, 1947 SAKA)


# PART I

**Punjab Government Notifications and Orders**

**ਪੰਜਾਬ ਸਰਕਾਰ**

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ

(ਪਸ਼ੂ ਪਾਲਣ-1 ਸ਼ਾਖਾ)

**ਨੋਟੀਫਿਕੇਸ਼ਨ**

ਮਿਤੀ 27 ਮਾਰਚ, 2024

ਨੰ:11/04/2023-ਪ.ਪ.1(5)/3834.- ਡਾ.ਅਰਸ਼ਦੀਪ ਸਿੰਘ, ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ, ਅਰਾਈਆਂਵਾਲਾ ਕਲਾਂ ਜਿਲ੍ਹਾ ਫਰੀਦਕੋਟ (ਹੁਣ ਗੈਰ-ਹਾਜਰ) ਨੂੰ ਸਮਰੱਥ ਅਧਿਕਾਰੀ ਤੋਂ ਛੁੱਟੀ ਮੰਨਜੂਰ ਕਰਵਾਏ ਬਿਨਾ ਮਿਤੀ 17.02.2023 ਤੋਂ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਦੇ ਦੋਸ਼ਾ ਕਾਰਣ ਯਾਦ ਪੱਤਰ ਨੰ:11/04/2023-ਪ.ਪ.1(5)/2871, ਮਿਤੀ 15.05.2023 ਰਾਹੀ ਪੰਜਾਬ ਸਿਵਲ ਸੇਵਾਵਾਂ (ਸਜਾਂ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਚਾਰਜਸੀਟ ਜਾਰੀ ਕਰਕੇ ਉਤਰ 21 ਦਿਨ੍ਹਾਂ ਦੇ ਅੰਦਰ-ਅੰਦਰ ਸਮਰੱਥ ਅਧਿਕਾਰੀ ਨੂੰ ਭੇਜਣ ਲਈ ਲਿਖਿਆ ਗਿਆ ਸੀ। ਡਾਇਰੈਕਟਰ, ਪਸ਼ੂ ਪਾਲਣ ਵਲੋਂ ਪੱਤਰ ਨੰ:1435, ਮਿਤੀ 07.06.2023 ਰਾਹੀ ਪ੍ਰਾਪਤ ਹੋਏ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਫਰੀਦਕੋਟ ਦੇ ਪੱਤਰ ਨੰ: 1690, ਮਿਤੀ 30.05.2023 ਅਨੁਸਾਰ ਅਧਿਕਾਰੀ ਨੂੰ ਜਾਰੀ ਹੋਈ ਉਕੱਤ ਚਾਰਜਸਸੀਟ ਦੀ ਕਾਪੀ ਅਧਿਕਾਰੀ ਦੇ ਪਿਤਾ ਸ੍ਰੀ ਬਗਜੀਤ ਸਿੰਘ ਗਿੱਲ ਵੱਲੋਂ ਮਿਤੀ 29.05.2023 ਨੂੰ ਰਸੀਵ ਕੀਤੀ ਗਈ ਸੀ। ਪ੍ਰੰਤੂ ਇਸ ਅਧਿਕਾਰੀ ਵੱਲੋਂ ਚਾਰਜਸੀਟ ਸਬੰਧ ਵਿੱਚ ਕੋਈ ਜਵਾਬ ਪ੍ਰਾਪਤ ਨਹੀ ਹੋਇਆ ਸੀ।

2. ਸਰਕਾਰ ਦੇ ਪਿ.ਅੰ.ਨੰ. 11/04/2023-ਪ.ਪ.1(5)/5412-16, ਮਿਤੀ 27.07.2023 ਰਾਹੀ ਸ਼੍ਰੀ ਗੁਰਦੀਪ ਸਿੰਘ, ਪੀ.ਸੀ.ਐਸ (ਰਿਟਾ.) ਨੂੰ " ਪੜਤਾਲੀਆ ਅਫਸਰ" ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵਲੋਂ ਪੇਸ਼ ਕੀਤੀ ਪੜਤਾਲ ਰਿਪੋਰਟ ਮਿਤੀ 29.08.2023 ਅਨੁਸਾਰ ਰਜਿਸਟਰਡ ਨੋਟਿਸ/ਪੱਤਰ ਅਧਿਕਾਰੀ ਦੇ ਪਿਤਾ ਸ੍ਰੀ ਬਗਜੀਤ ਸਿੰਘ ਵੱਲੋਂ ਰਸੀਵ ਕਰਨ ਅਤੇ ਪ੍ਰਮੁੱਖ ਅਖਬਾਰਾ ਰਾਹੀ ਪਬਲਿਕ ਨੋਟਿਸ ਦੇਣ ਦੇ ਬਾਵਜੂਦ ਵੀ ਅਧਿਕਾਰੀ ਪੜਤਾਲ ਵਿੱਚ ਹਾਜਰ ਨਹੀ ਹੋਇਆ ਸੀ। ਪੜਤਾਲੀਆ ਅਫਸਰ ਵਲੋਂ ਪੜਤਾਲ ਰਿਪੋਰਟ ਮਿਤੀ 29.08.2023 ਰਾਹੀ ਅਧਿਕਾਰੀ ਵਿਰੁੱਧ ਦੋਸ਼ ਸੂਚੀ ਵਿੱਚ ਦਰਜ ਸਾਰੇ ਦੋਸ਼ ਸਿੱਧ ਕੀਤੇ ਹਨ।

3. ਇਸ ਉਪਰੰਤ ਵਿਭਾਗ ਵੱਲੋਂ ਰਜਿਸਟਰਡ ਮੀਮੋ ਨੰ:11/04/2023-ਪ.ਪ.1(5)/6770, ਮਿਤੀ 18.09.2023 ਰਾਹੀਂ ਅਧਿਕਾਰੀ ਨੂੰ ਪੜਤਾਲ ਰਿਪੋਰਟ ਮਿਤੀ 29.08.2023 ਦੀ ਕਾਪੀ ਭੇਜਦੇ ਹੋਏ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਪੱਖ ਪੇਸ਼ ਕਰਨ ਲਈ ਲਿਖਿਆ ਗਿਆ ਸੀ। ਡਾਇਰੈਕਟਰ,ਪਸ਼ੂ ਪਾਲਣ ਵਲੋਂ ਪੱਤਰ ਨੰ: 3904, ਮਿਤੀ 27.10.2023 ਰਾਹੀਂ

ਪ੍ਰਾਪਤ ਹੋਏ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਫਰੀਦਕੋਟ ਦੇ ਪੱਤਰ ਨੰ: 3051, ਮਿਤੀ 25.10.2023 ਅਨੁਸਾਰ ਡਾ.ਅਰਸ਼ਦੀਪ ਸਿੰਘ, ਵੈਟਰਨਰੀ ਅਫਸਰ (ਹੁਣ ਗੈਰ-ਹਾਜਰ) ਦੇ ਘਰੇਲੂ ਪਤੇ ਤੇ ਪੜਤਾਲ ਰਿਪੋਰਟ ਮਿਤੀ 29.08.2023 ਦੀ ਕਾਪੀ ਅਧਿਕਾਰੀ ਦੇ ਪਿਤਾ ਸ੍ਰੀ ਬਗਜੀਤ ਸਿੰਘ ਗਿੱਲ ਵੱਲੋ ਮਿਤੀ 04.10.2023 ਨੂੰ ਰਸੀਵ ਕਰ ਲਈ ਸੀ। ਪ੍ਰੰਤੂ ਡਾ.ਅਰਸ਼ਦੀਪ ਸਿੰਘ, ਵੈਟਰਨਰੀ ਅਫਸਰ(ਹੁਣ ਗੈਰ-ਹਾਜਰ) ਵਲੋਂ ਪੜਤਾਲ ਰਿਪੋਰਟ ਦੇ ਸਬੰਧ ਵਿੱਚ ਕੋਈ ਜਵਾਬ ਪ੍ਰਾਪਤ ਨਾ ਹੋਣ ਕਰਕੇ ਡਾਇਰੈਕਟਰ,ਪਸ਼ੂ ਪਾਲਣ ਵਲੋਂ ਪੱਤਰ ਮਿਤੀ 27.10.2023 ਗੈਰ-ਹਾਜਰ ਅਧਿਕਾਰੀ ਵਿਰੁੱਧ ਅਗਲੇਰੀ ਕਾਰਵਾਈ ਕਰਨ ਲਈ ਲਿਖਿਆ ਸੀ।

4. ਇਸ ਤਰਾਂ ਅਧਿਕਾਰੀ ਵਲੋਂ ਸਰਕਾਰ ਦੇ ਕਿਸੇ ਵੀ ਪੱਤਰ ਦਾ ਉੱਤਰ ਨਹੀ ਦਿੱਤਾ ਗਿਆ ਸੀ, ਜਿਸ ਤੋ ਸਪੱਸਟ ਹੈ ਕਿ ਉਹ ਸਰਕਾਰ ਦੇ ਕਿਸੇ ਪੱਤਰ ਦਾ ਉੱਤਰ ਨਹੀ ਦੇਣਾ ਚਾਹੁੰਦਾ ਅਤੇ ਨਾ ਹੀ ਅੱਗੇ ਸਰਕਾਰੀ ਸੇਵਾ ਕਰਨਾ ਚਾਹੁੰਦਾ ਹੈ।ਇਸ ਲਈ ਸਮਰੱਥ ਅਥਾਰਿਟੀ ਵਲੋ ਡਾ.ਅਰਸ਼ਦੀਪ ਸਿੰਘ, ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ, ਅਰਾਈਆਂਵਾਲਾ ਕਲਾਂ ਜਿਲ੍ਹਾ ਫਰੀਦਕੋਟ (ਹੁਣ ਗੈਰ-ਹਾਜਰ) ਨੂੰ ਉਸ ਦੀ ਗੈਰ-ਹਾਜ਼ਰੀ ਦੀ ਮਿਤੀ 17.02.2023 ਤੋਂ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਸਿਧਾਂਤਕ ਤੌਰ ਤੇ ਫੈਸਲਾ ਲਿਆ ਗਿਆ ਸੀ।ਇਸ ਅਧਿਕਾਰੀ ਨੂੰ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਸਿਧਾਂਤਕ ਤੌਰ ਤੇ ਲਏ ਗਏ ਫੈਸਲੇ ਸਹਿਮਤੀ ਪ੍ਰਾਪਤ ਕਰਨ ਬਾਰੇ ਮੀਮੋ ਨੰ:11/04/2023-ਪ.ਪ.1(5) /868, ਮਿਤੀ :23.01.2024 ਰਾਹੀ ਮਾਮਲਾ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨਾਲ ਟੇਕ ਅੱਪ ਕੀਤਾ ਗਿਆ ਸੀ। ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋ ਪੱਤਰ ਨੰ:ਡਿਸ/171/2024/ਅ-7/7960, ਮਿਤੀ 12.03.2024 ਰਾਹੀ ਸੂਚਿਤ ਕੀਤਾ ਹੈ ਕਿ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਡਾ.ਅਰਸ਼ਦੀਪ ਸਿੰਘ, ਵੈਟਰਨਰੀ ਅਫਸਰ, ਸਿਵਲ ਪਸ਼ੂ ਹਸਪਤਾਲ, ਅਰਾਈਆਂਵਾਲਾ ਕਲਾਂ ਜਿਲ੍ਹਾ ਫਰੀਦਕੋਟ (ਹੁਣ ਗੈਰ-ਹਾਜਰ) ਨੂੰ ਸਰਕਾਰੀ ਸੇਵਾ ਤੋ ਡਿਸਮਿਸ ਕਰਨ ਸਬੰਧੀ ਸਹਿਮਤੀ ਦਿੱਤੀ ਗਈ ਹੈ।

5. ਇਸ ਪ੍ਰਕਾਰ ਕੇਸ ਦੇ ਸਮੁੱਚੇ ਹਾਲਾਤਾਂ ਨੂੰ ਵਿਚਾਰਦੇ ਹੋਏ ਅਤੇ ਪੜਤਾਲੀਆ ਅਫਸਰ ਦੀ ਪੜਤਾਲ ਰਿਪੋਰਟ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ,ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਦੀ ਸਲਾਹ ਅਨੁਸਾਰ ਪੰਜਾਬ ਦੇ ਰਾਜਪਾਲ ਜੀ ਵੱਲੋਂ ਪ੍ਰਸੰਨਤਾ ਪੂਰਵਕ ਡਾ.ਅਰਸ਼ਦੀਪ ਸਿੰਘ, ਵੈਟਰਨਰੀ ਅਫਸਰ,ਪੁੱਤਰ ਸ੍ਰੀ ਬਗਜੀਤ ਸਿੰਘ, ਵਾਸੀ ਪਿੰਡ ਤੇ ਡਾਕਘਰ ਸੰਧਵਾਂ, ਤਹਿਸੀਲ ਕੋਟਕਪੂਰਾ , ਜਿਲ੍ਹਾ ਫਰੀਦਕੋਟ ਨੂੰ ਸਮਰੱਥ ਅਧਿਕਾਰੀ ਤੋ ਛੁੱਟੀ ਮੰਨਜ਼ੂਰ ਕਰਵਾਏ ਬਿਨ੍ਹਾਂ ਮਿਤੀ 17.02.2023 ਤੋਂ ਆਪਣੀ ਡਿਊਟੀ ਤੋ ਗੈਰ-ਹਾਜ਼ਰ ਰਹਿਣ ਦੇ ਦੋਸ਼ਾ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ,1970 ਦੇ ਨਿਯਮ 8 ਅਧੀਨ ਯਾਦ ਪੱਤਰ ਨੰ: 11/04/2023-ਪ.ਪ.1(5)/2871, ਮਿਤੀ 15.05.2023 ਰਾਹੀ ਜਾਰੀ ਹੋਈ ਚਾਰਜਸੀਟ ਦਾ ਫੈਸਲਾ ਕਰਦੇ ਹੋਏ ਉਸਦੀ ਗੈਰ-ਹਾਜਰੀ ਦੀ ਮਿਤੀ 17.02.2023 ਤੋਂ ਸਰਕਾਰੀ ਸੇਵਾ ਤੋ ਡਿਸਮਿਸਲ ਦੀ ਸਜਾ ਦਿੱਤੀ ਜਾਂਦੀ ਹੈ।

ਸਹੀ/-

ਵਿਕਾਸ ਪ੍ਰਤਾਪ

ਚੰਡੀਗੜ੍ਹ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ

ਮਿਤੀ 26 ਮਾਰਚ, 2024 ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ।

*3628/2-2026/Pb. Govt. Press, S.A.S. Nagar*